# ਸ੍ਰੀ ਗੁਰੂ ਤੇਗ਼ ਬਹਾਦਰ (ਫ਼ਾਰਸੀ ਸਰੋਤ)

ਪਿਆਰ ਸਿੰਘ

294.6717
S64G
8653

ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

# ਸ੍ਰੀ ਗੁਰੂ ਤੇਗ਼ ਬਹਾਦਰ
## (ਫ਼ਾਰਸੀ ਸਰੋਤ)

ਸੰਪਾਦਕ

ਪਿਆਰ ਸਿੰਘ

D. COLLEGE
8659
HOSHIARPUR

8653
S1/52

ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

# ਵਿਸ਼ੇ ਸੂਚੀ


ਪੰਨਾ

—ਮੁਖਬੰਧ 5
—ਸੰਕਲਪ ਤੇ ਧੰਨਵਾਦ, ਕੁਝ ਜ਼ਰੂਰੀ ਸੁਧਾਈਆਂ 7
—ਵਿਸ਼ੇ ਸੂਚੀ 9

ਭੂਮਿਕਾ

ੳ) ਜੀਵਨੀ ਸਰੋਤ 13
ਅ) ਜੀਵਨ ਚਰਿਤ੍ਰ 20
ੲ) ਫ਼ਾਰਸੀ ਸਰੋਤਾਂ ਦਾ ਮੁਲਾਂਕਣ 46

ਪੰਜਾਬੀ ਅਨੁਵਾਦ

1) ਗੰਜਨਾਮਾ—ਨੌਂਵੀਂ ਪਾਤਸ਼ਾਹੀ 55
(ਨੰਦ ਲਾਲ 'ਗੋਯਾ')
2) ਖ਼ੁਲਾਸਤੁਤ ਤਵਾਰੀਖ਼ 57
(ਮੁਨਸ਼ੀ ਸੁਜਾਨ ਰਾਏ ਭੰਡਾਰੀ)
3) ਅਖ਼ਬਾਰਾਤਿ ਦਰਬਾਰਿ ਮੁਅੱਲਾ 58
(ਸਾਲ ਚੌਥਾ ਬਹਾਦੁਰਸ਼ਾਹੀ)
4) ਰਿਸਾਲਾ ਦਰ ਅਹਿਵਾਲਿ ਨਾਨਕ ਸ਼ਾਹ ਦਰਵੇਸ਼ 59
(ਬੁੱਧ ਸਿੰਘ ਅਰੋੜਾ)
5) ਹਕੀਕਤਿ ਬਿਨਾ-ਵ-ਉਰੂਜਿ ਫ਼ਿਰਕਾ-ਇ-ਸਿੱਖਾਂ 62
(ਨਾ-ਮਾਲੂਮ)
6) ਸੀਅਰੁਲ ਮੁਤਾਖ਼ਿਰੀਨ 68
(ਗ਼ੁਲਾਮ ਹੁਸੈਨ ਖ਼ਾਨ)
7) ਖ਼ਾਲਸਾ ਨਾਮਾ 71
(ਬਖ਼ਤ ਮਲ)
8) ਤਵਾਰੀਖ਼ਿ ਸਿੱਖਾਂ 75
(ਖ਼ੁਸ਼ਵਕਤ ਰਾਏ)
9) ਤਵਾਰੀਖ਼ਿ ਹਿੰਦ 81
(ਅਹਿਮਦਸ਼ਾਹ ਬਟਾਲਵੀ)

10) ਉਮਦੱਤੁਤ ਤਵਾਰੀਖ਼ (ਸੋਹਨ ਲਾਲ ਸੂਰੀ) 85

11) ਖ਼ਾਲਿਸ ਨਾਮਾ (ਰਤਨ ਚੰਦ ਬਾਲ) 96

12) ਚਹਾਰ ਬਾਗ਼ਿ ਪੰਜਾਬ (ਗਣੇਸ਼ ਦਾਸ ਵਡੇਹਰਾ) 97

13) ਤਵਾਰੀਖ਼ਿ ਪੰਜਾਬ (ਗ਼ੁਲਾਮ ਮਹੀਉਦ੍ਦੀਨ ਬੂਟੇ ਸ਼ਾਹ) 100

14) ਇਬਰਤ ਨਾਮਾ (ਅਲੀਉਦ੍ਦੀਨ) 111

15) ਗੁਲਗ਼ਸ਼ਤਿ ਪੰਜਾਬ (ਰਾਜਾ ਰਾਮ ਤੋਤਾ) 115

## ਫ਼ਾਰਸੀ ਮਤਨ

ਗੰਜਨਾਮਾ ਨੌਵੀਂ ਪਾਤਸ਼ਾਹੀ (119), ਖ਼ੁਲਾਸਤੁਤ ਤਵਾਰੀਖ਼ਿ (120), ਅਖ਼ਬਾਰਾਤਿ ਦਰਬਾਰਿ ਮੁਅੱਲਾ (121), ਰਿਸਾਲਾ ਦਰ ਅਹਿਵਾਲਿ ਨਾਨਕ ਸ਼ਾਹ ਦਰਵੇਸ਼ (122), ਹਕੀਕਤਿ ਬਿਨਾ-ਵ-ਉਰੂਜਿ ਫ਼ਿਰਕਾ-ਇ-ਸਿੱਖਾਂ (124), ਸੀਅਰੁਲ ਮੁਤਾਖ਼ਿਰੀਨ (127), ਖ਼ਾਲਸਾ ਨਾਮਾ (128), ਤਵਾਰੀਖ਼ਿ ਸਿੱਖਾਂ (130), ਤਵਾਰੀਖ਼ਿ ਹਿੰਦ (133), ਉਮਦੱਤੁਤ ਤਵਾਰੀਖ਼ਿ (135), ਖ਼ਾਲਿਸ ਨਾਮਾ (143), ਚਹਾਰ ਬਾਗ਼ਿ ਪੰਜਾਬ (144), ਤਵਾਰੀਖ਼ਿ ਪੰਜਾਬ (145), ਇਬਰਤਨਾਮਾ (154), ਗੁਲਗ਼ਸ਼ਤਿ ਪੰਜਾਬ (156).

## ਅੰਤਿਕਾਵਾਂ

(ੳ) ਪੁਸਤਕ ਸੂਚੀ ... ... 159

(ਅ) ਇੰਡੇਕਸ ... ... 163

# ਗੰਜਨਾਮਾ–ਨੌਵੀਂ ਪਾਤਸ਼ਾਹੀ

## (ਨੰਦ ਲਾਲ 'ਗੋਯਾ')

[ਨੰਦ ਲਾਲ 'ਗੋਯਾ' ਨੂੰ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ ਹੋਣ ਦਾ ਮਾਨ ਪ੍ਰਾਪਤ ਹੈ। ਇਸ ਦਾ ਜਨਮ ਮੁਨਸ਼ੀ ਛੱਜੂ ਮਲ ਦੇ ਘਰ ੧੬੩੩ ਈ. ਵਿਚ ਤੇ ਮ੍ਰਿਤੂ ੧੭੧੩ ਈ. ਵਿਚ ਹੋਈ। ਤੀਖਣ ਬੁੱਧੀ ਹੋਣ ਕਾਰਣ ਇਸ ਨੇ ਅਰਬੀ, ਫ਼ਾਰਸੀ ਤੇ ਦੇਸ ਭਾਖਾ ਵਿਚ ਚੰਗੀ ਮਹਾਰਤ ਪੈਦਾ ਕਰ ਲਈ। ਇਕ ਵਾਰ ਇਸ ਨੇ ਕੁਰਆਨ ਦੀ ਇਕ ਆਯਤ ਦੀ ਵਿਆਖਿਆ ਕਰਕੇ ਔਰੰਗਜ਼ੇਬ ਨੂੰ ਹੈਰਾਨ ਕਰ ਦਿੱਤਾ। ਓਦੋਂ ਇਹ ਔਰੰਗਜ਼ੇਬ ਦੇ ਸੁਪੁੱਤਰ ਸ਼ਹਜ਼ਾਦਾ ਮੁਅੱਜ਼ਮ ਪਾਸ ਨੌਕਰ ਸੀ। ਔਰੰਗਜ਼ੇਬ ਚਾਹੁੰਦਾ ਸੀ ਕਿ ਇੰਨਾ ਵਿਦਵਾਨ ਪੁਰਸ਼ ਇਸਲਾਮ ਦੇ ਘੇਰੇ ਵਿਚ ਆ ਜਾਏ। ਇਸ ਲਈ ਨੰਦ ਲਾਲ ਡਰਦੇ ਮਾਰਿਆਂ ਸ਼ਹਜ਼ਾਦੇ ਦੀ ਨੌਕਰੀ ਛੱਡ ਗੁਰੂ ਗੋਬਿੰਦ ਸਿੰਘ ਪਾਸ ਚਲਾ ਗਿਆ। ਉਥੇ ਇਸ ਨੂੰ ਗੁਰੂ ਗੋਬਿੰਦ ਸਿੰਘ ਨਾਲ ਇੰਨਾ ਪ੍ਰੇਮ ਹੋ ਗਿਆ ਕਿ ਗੁਰੂ ਘਰ ਦੀ ਸਤੁਤੀ ਤੇ ਆਈ ਸੰਗਤ ਦੀ ਸੇਵਾ ਤੋਂ ਸਿਵਾ ਹੋਰ ਕੋਈ ਕੰਮ ਹੀ ਨ ਰਿਹਾ।

ਨੰਦ ਲਾਲ 'ਗੋਯਾ' ਨੇ ਫ਼ਾਰਸੀ ਵਿਚ ਲਿਖਿਆ ਹੈ ਤੇ ਪੰਜਾਬੀ ਵਿਚ ਵੀ। ਇਹ ਇੰਨਾ ਪਿਆਰ-ਵਸ ਹੋ ਕੇ ਲਿਖਿਆ ਹੋਇਆ ਹੈ ਕਿ ਸਿੱਖ ਹਲਕਿਆਂ ਵਿਚ ਭਾਈ ਸਾਹਿਬ ਦੇ ਕਲਾਮ ਨੂੰ ਭਾਈ ਗੁਰਦਾਸ ਵਾਂਗ ਹੀ ਸਤਿਕਾਰਿਆ ਜਾਂਦਾ ਹੈ। ਨੰਦ ਲਾਲ ਨੇ ਫ਼ਾਰਸੀ ਵਿਚ ਸੱਤ ਰਚਨਾਵਾਂ ਕੀਤੀਆਂ ਹਨ : 'ਜ਼ਿੰਦਗੀ ਨਾਮਾ', 'ਦੀਵਾਨਿ ਗੋਯਾ', 'ਤੌਸੀਫ਼ੋ ਸਨਾ', 'ਜੋਤ ਬਿਗਾਸ', 'ਅਰਜ਼ੁਲ ਅਲਫ਼ਾਜ਼', 'ਦਸਤੂਰੁਲ ਇਨਸ਼ਾ' ਅਤੇ 'ਗੰਜਨਾਮਾ'। ਇਨ੍ਹਾਂ ਸਾਰੀਆਂ ਵਿਚ ਗੁਰੂ ਸਾਹਿਬਾਂ ਦੀ ਸਤੁਤੀ ਤੇ ਉਨ੍ਹਾਂ ਦੀ ਆਤਮਿਕ ਉਚਤਾ ਦਾ ਉੱਲੇਖ ਹੈ, ਜੀਵਨ-ਘਟਨਾਵਾਂ ਦਾ ਬਿਓਰਾ ਨਹੀਂ। ਇਥੇ ਅਸੀਂ ਗੁਰੂ ਤੇਗ ਬਹਾਦਰ ਸੰਬੰਧੀ ਉਨ੍ਹਾਂ ਦਾ ਲਿਖਿਆ ਇਕ ਬੰਦ ਤਬੱਰੁਕਨ ਸ਼ਾਮਲ ਕਰਨ ਦੀ ਖੁਸ਼ੀ ਲਈ ਹੈ, ਭਾਵੇਂ ਇਸ ਵਿਚ ਉਨ੍ਹਾਂ ਦੀ ਕਿਸੇ ਵੀ ਜੀਵਨ-ਘਟਨਾ ਦਾ ਬਿਓਰਾ ਨਹੀਂ। 'ਅਰਜ਼ੁਲ ਅਲਫ਼ਾਜ਼', ਜਿਸ ਵਿਚ ਉਨ੍ਹਾਂ ਦੀ ਸਤੁਤੀ ਵਿਚ ਕਹੇ ਵਿਸ਼ੇਸ਼ਣ ਹੀ ਹਨ, ਅਸਾਂ ਦੇਣ ਦੀ ਲੋੜ ਨਹੀਂ ਸਮਝੀ। 'ਗੰਜਨਾਮਾ', ਜਿਸ ਵਿੱਚੋਂ ਇਹ ਟੁਕੜਾ ਲਿਆ ਗਿਆ ਹੈ, ੧੬੯੫ ਈ. ਦੇ ਨੇੜੇ ਤੇੜੇ ਦੀ ਕ੍ਰਿਤ ਕਿਹਾ ਜਾ ਸਕਦਾ ਹੈ[1]।]

੧) ਗੁਰੂ ਤੇਗ ਬਹਾਦਰ ਜਿਹੜਾ ਸਿਰ ਤੋਂ ਲੈ ਕੇ ਪੈਰਾਂ ਤਕ ਬਜ਼ੁਰਗੀ ਦਾ ਪੁੰਜ ਹੈ,
ਜਿਹੜਾ ਤੇਜ ਪ੍ਰਤਾਪ ਦੀ ਸਭਾ ਦਾ ਗਹਿਣਾ ਹੈ,

੨) ਜਿਸ ਦੀ ਪਵਿਤ੍ਰ ਹਸਤੀ ਤੋਂ ਸੱਚ ਦੀਆਂ ਕਿਰਣਾਂ ਰੌਸ਼ਨ ਹਨ,
ਜਿਸ ਦੀ ਬਜ਼ੁਰਗੀ ਦਾ ਸਦਕਾ ਦੋਵੇਂ ਦੁਨੀਆ ਜਗਮਗ ਕਰ ਰਹੀਆਂ ਹਨ,

---

1. ਨੰਦ ਲਾਲ 'ਗੋਯਾ' ਦੇ ਵਿਸਤਾਰ ਪੂਰਵਕ ਵੇਰਵੇ ਲਈ ਦੇਖੋ 'ਕੁਲਿਯਾਤਿ ਨੰਦ ਲਾਲ ਗੋਯਾ, (ਉਰਦੂ) (ਸੰਪ: ਗੰਡਾ ਸਿੰਘ) ਦੀਬਾਚਾ।

੩) ਜਿਸ ਨੂੰ ਰੱਬ ਨੇ ਸਾਰੇ ਚੁਣਵੇਂ ਬੰਦਿਆਂ ਵਿੱਚੋਂ ਸ੍ਰੇਸ਼ਟ ਬਣਾਇਆ ਹੈ,
ਜਿਸ ਦੇ ਭਾਣਾ ਮੰਨਣ ਤੇ ਰਜ਼ਾ ਵਿਚ ਰਹਿਣ ਦੇ ਗੁਣ ਨੂੰ ਪ੍ਰਭੂ ਨੇ ਚੰਗੀ ਤਰ੍ਹਾਂ ਪਰਖ ਲਿਆ ਹੈ,

੪) ਜਿਸ ਨੇ ਰੱਬ ਵੱਲੋਂ ਕਬੂਲ ਹੋ ਚੁਕੇ ਹਰੇਕ ਬੰਦੇ ਨਾਲੋਂ ਆਪਣੀ ਕਦਰ ਰੱਬ ਦੀ ਦਰਗਾਹ ਵਿਚ ਵਧਾ ਲਈ ਹੈ,
ਜਿਸ ਉਪਰ ਦੁਨੀਆ ਦੇ ਇਸ਼ਟ ਨੇ ਆਪ ਆਪਣੀ ਕ੍ਰਿਪਾ ਕੀਤੀ ਹੈ,

੫) ਜਿਸ ਦੇ ਸੁਭਾਗ ਪੱਲੇ ਨੂੰ ਹਰੇਕ ਮਨੁੱਖ ਨੇ ਫੜਿਆ ਹੋਇਆ ਹੈ,
ਜਿਸ ਦੀ ਬਾਣੀ ਬ੍ਰਹਮ ਵਿਦਿਆ ਦੀ ਉੱਚੀ ਛਟਾ ਹੈ—
**[ਉਸ ਤੇਗ ਬਹਾਦਰ ਨੂੰ ਮੇਰੀ ਲਖ ਲਖ ਬੰਦਨਾ ਹੈ !]**

[ਪੰਨਾ ੧੨੧

# ਖ਼ੁਲਾਸਤੁਤ ਤਵਾਰੀਖ਼

## (ਮੁਨਸ਼ੀ ਸੁਜਾਨ ਰਾਏ ਭੰਡਾਰੀ)

[ਮੁਨਸ਼ੀ ਸੁਜਾਨ ਰਾਏ ਭੰਡਾਰੀ ਬਟਾਲਾ, ਜ਼ਿਲਾ ਗੁਰਦਾਸਪੁਰ ਦਾ ਜੰਮ-ਪਲ, ਔਰੰਗਜ਼ੇਬ ਦੇ ਸਮੇਂ ਹੋਇਆ । ਫ਼ਾਰਸੀ ਵਿਚ ਉਸ ਦੀਆਂ ਦੋ ਰਚਨਾਵਾਂ 'ਖ਼ੁਲਾਸਤੁਤ ਤਵਾਰੀਖ਼' ਤੇ 'ਖ਼ੁਲਾਸਤੁਲ ਇਨਸ਼ਾ', ਕਾਫ਼ੀਆਂ ਪ੍ਰਸਿੱਧ ਹਨ । 'ਖ਼ੁਲਾਸਤੁਤ ਤਵਾਰੀਖ਼' ਉਸ ੧੬੯੬ ਈ. ਵਿਚ ਮੁਕਾਈ ਜਦੋਂ ਗੁਰੂ ਸਾਹਿਬ ਨੂੰ ਗੱਦੀ ਤੇ ਬੈਠਿਆਂ ੨੨ ਸਾਲ ਹੋਏ ਸਨ । 'ਖ਼ੁਲਾਸਤੁਤ ਤਵਾਰੀਖ਼' ਵਿਚ ਵਧੇਰੇ ਕਰਕੇ ਦਿੱਲੀ ਦਾ ਇਤਿਹਾਸ ਹੈ ਜਿਸ ਵਿਚ ਸਿੱਖ ਗੁਰੂਆਂ ਅਤੇ ਸਿੱਖ ਅਸਥਾਨਾਂ ਦਾ ਉੱਲੇਖ ਜ਼ਿਮਨੀ ਰੂਪ ਵਿਚ ਆ ਗਿਆ ਹੈ । ਇਤਿਹਾਸਕਾਰ ਵਜੋਂ ਉਸ ਦੀ ਇਹ ਪੁਸਤਕ ਚੋਖਾ ਜੱਸ ਖਟ ਚੁਕੀ ਹੈ । ਇਸ ਵਿਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਉੱਲੇਖ ਤਾਂ ਹੈ ਪਰ ਉਸ ਦੇ ਕਾਰਣਾਂ ਬਾਰੇ ਕੋਈ ਟਿੱਪਣੀ ਨਹੀਂ, ਨਾ ਹੀ ਸ਼ਹੀਦੀ ਦੀ ਪੂਰੀ ਤਫ਼ਸੀਲ ਹੈ[1] ।]

ਉਨ੍ਹਾਂ[2] ਦੇ ਪਿੱਛੋਂ ਉਨ੍ਹਾਂ ਦਾ ਛੋਟੀ ਉਮਰ ਦਾ ਪੁੱਤਰ, ਗੁਰੂ ਹਰਕ੍ਰਿਸ਼ਨ, ਤਿੰਨ ਸਾਲਾਂ[3] ਤਕ ਗੁਰ-ਗੱਦੀ ਉਤੇ ਬਿਰਾਜਮਾਨ ਰਿਹਾ । ਉਸ ਪਿੱਛੋਂ ਗੁਰੂ ਹਰਗੋਬਿੰਦ ਜੀ ਦਾ ਛੋਟਾ ਪੁੱਤਰ, ਤੇਗ਼ ਬਹਾਦਰ, ਗਿਆਰਾਂ ਸਾਲਾਂ ਤਕ ਗੁਰ-ਗੱਦੀ ਉਪਰ ਟਿਕਿਆ ਰਿਹਾ । ਆਖ਼ਰ ਉਹ ਬਾਦਸ਼ਾਹੀ ਅਮੀਰਾਂ ਦੀ ਕੈਦ ਵਿਚ ਪੈ ਕੇ ਸਾਲ ੧੦੮੬ ਹਿਜਰੀ, ਮੁਤਾਬਿਕ ਸਾਲ ਸਤਾਰ੍ਹਵਾਂ ਆਲਮਗੀਰੀ, ਬਾਦਸ਼ਾਹ ਔਰੰਗਜ਼ੇਬ ਆਲਮਗੀਰ ਦੇ ਹੁਕਮ ਨਾਲ ਸ਼ਾਹਜਹਾਨਾਬਾਦ ਵਿਚ ਕਤਲ ਕੀਤਾ ਗਿਆ ।

[ਪੰਨਾ ੭੦

---

1. 'ਮਾਖ਼ਜ਼ਿ ਤਵਾਰੀਖ਼ਿ ਸਿੱਖਾਂ' (ਸੰਪ: ਗੰਡਾ ਸਿੰਘ), ਜਿਲਦ ਅੱਵਲ, ਪੰਨਾ ੫੩—੫੪.
2. ਭਾਵ ਗੁਰੂ ਹਰਰਾਏ ਤੋਂ ਹੈ ।
3. ਠੀਕ ਕਾਲ : 7 ਅਕਤੂਬਰ 1661 ਤੋਂ 30 ਮਾਰਚ 1664 ਈ. ਤਕ । ਗੱਦੀ ਉਤੇ ਬਹਿਣ ਸਮੇਂ ਇਨ੍ਹਾਂ ਦੀ ਆਯੂ ਕੇਵਲ ਪੰਜ ਵਰ੍ਹੇ ਸੀ ।

# ਅਖ਼ਬਾਰਾਤਿ ਦਰਬਾਰਿ ਮੁਅੱਲਾ

## (੨੫ ਰਬੀਅ-ਉਲ-ਅੱਵਲ[1], ਸਾਲ ਚੌਥਾ ਬਹਾਦੁਰਸ਼ਾਹੀ)

[ਮੁਗ਼ਲ ਬਾਦਸ਼ਾਹਾਂ ਨੇ ਬਾਦਸ਼ਾਹੀ ਇਲਾਕੇ ਦੇ ਸਮਾਚਾਰ ਪ੍ਰਾਪਤ ਕਰਨ ਲਈ ਇਕ ਤਕੜਾ ਮਹਿਕਮਾ ਵਕਾਇ-ਨਿਗਾਰੀ ਜਾਂ ਅਖ਼ਬਾਰ-ਨਵੀਸੀ ਦਾ ਬਣਾਇਆ ਹੋਇਆ ਸੀ। ਇਹ ਵਕਾਇ-ਨਿਗਾਰ ਆਪਣੇ ਆਪਣੇ ਇਲਾਕੇ ਦੀਆਂ ਖ਼ਬਰਾਂ ਲਿਖ ਕੇ ਉਪਰ ਬਾਦਸ਼ਾਹ ਨੂੰ ਦਿੱਲੀ ਘਲਦੇ ਰਹਿੰਦੇ ਸਨ। ਜੈਪੁਰ ਦੇ ਆਰਕਾਈਵਜ਼ ਵਿਭਾਗ ਵਿਚ ਅਜੇਹੇ ਅਖ਼ਬਾਰਾਂ ਦਾ ਇਕ ਕੀਮਤੀ ਖ਼ਜ਼ਾਨਾ ਮੌਜੂਦ ਹੈ। ਹੇਠਾਂ ਉਨ੍ਹਾਂ ਵਿੱਚੋਂ ਇਕ ਟੂਕ ਜੋ ਗੁਰੂ ਤੇਗ਼ ਬਹਾਦਰ ਨਾਲ ਸੰਬੰਧ ਰੱਖਦੀ ਹੈ, ਦਿੱਤੀ ਜਾਂਦੀ ਹੈ। ਇਸ ਤੋਂ ਦੋ ਸੂਚਨਾਵਾਂ ਮਿਲਦੀਆਂ ਹਨ : ਇਕ, ਗੁਰੂ ਸਾਹਿਬ ਦਾ ਨਾਂ ਕਿਸੇ ਸਮੇਂ ਤਿਆਗ ਮਲ ਸੀ; ਦੂਜੀ, ਉਹ ਆਸਾਮ ਦੀ ਮੁਹਿਮ ਤੇ ਕੁਝ ਚਿਰ ਲਈ ਰਾਜਾ ਰਾਮ ਸਿੰਘ ਦੇ ਨਾਲ ਰਹੇ ਸਨ।]

ਖ਼ਾਲਸਾ ਰੂਪ ਸਿੱਖਾਂ ਦੇ ਹਾਲਾਤ ਬਾਰੇ ਉਪਰ ਸੰਕੇਤ ਹੋ ਚੁਕਾ ਹੈ। ਠੀਕ ਗੱਲ ਇਹ ਹੈ ਕਿ ਗੁਰੂ ਨਾਨਕ ਦੀ ਗੱਦੀ ਉਤੇ ਬੈਠੇ ਤਿਆਗ ਮਲ ਜੋ ਆਸਾਮ ਵਿਚ ਸੁਰਗਵਾਸੀ ਮਹਾਰਾਜਾ ਰਾਮ ਸਿੰਘ[2] ਜੀ ਦੇ ਨਾਲ ਸਨ ਤੇ ਉਨ੍ਹਾਂ ਦੇ ਪਿੱਛੋਂ ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀ ਗੱਦੀ ਉਤੇ ਬੈਠੇ ਸਨ।

---

1. ਮੁਤਾਬਿਕ 13 ਮਈ 1710 ਈਸਵੀ।
2. ਰਾਜਾ ਮਾਨ ਸਿੰਘ ਦੇ ਵੰਸ਼ ਵਿਚੋਂ ਅੰਬਰ ਦੇ ਛਤ੍ਰਪਤੀ ਮਿਰਜ਼ਾ ਰਾਜਾ ਜੈ ਸਿਘ ਸਵਾਈ, ਦਾ ਪੁੱਤਰ। ਔਰੰਗਜ਼ੇਬ ਦੇ ਦਰਬਾਰ ਵਿਚ ਇਸ ਦੀ ਬੜੀ ਰਸਾਈ ਸੀ। ਇਹ ਪਰਿਵਾਰ ਗੁਰੂ ਘਰ ਦਾ ਵੱਡਾ ਸ਼ਰਧਾਲੂ ਸੀ। ਇਸ ਲਈ ਜਦੋਂ ਗੁਰੂ ਤੇਗ਼ ਬਹਾਦਰ ਜੀ ਪਹਿਲੀ ਵਾਰੀ ੧੬੬੫ ਈ. ਦੇ ਅੰਤਲੇ ਦਿਨਾਂ ਵਿਚ ਗਰਿਫ਼ਤਾਰ ਹੋ ਕੇ ਦਿੱਲੀ, ਬਾਦਸ਼ਾਹ ਔਰੰਗਜ਼ੇਬ ਦੀ ਹਜ਼ੂਰੀ ਵਿਚ ਪਹੁੰਚੇ, ਤਾਂ ਇਸ ਨੇ ਬਾਦਸ਼ਾਹ ਨੂੰ ਕਹਿ ਕੁਹਾ ਕੇ ਗੁਰੂ ਜੀ ਨੂੰ ਆਪਣੀ ਹਿਫ਼ਾਜ਼ਤ ਵਿਚ ਲੈ ਲਿਆ ਅਤੇ ਬਾਅਦ ਵਿਚ ਬਾਦਸ਼ਾਹ ਦੀ ਪ੍ਰਵਾਨਗੀ ਤੋਂ ਬਿਨਾ ਹੀ ਉਨ੍ਹਾਂ ਨੂੰ ਰਿਹਾ ਕਰਕੇ ਭਾਰਤ ਦੇ ਪੂਰਬੀ ਨਗਰਾਂ ਦੀ ਯਾਤ੍ਰਾ ਉਤੇ ਤੋਰ ਦਿੱਤਾ। ਕੁਝ ਮਹੀਨੇ ਪਿੱਛੋਂ ਸਿਵਾ ਜੀ ਮਰਾਠਾ ਵੀ ਬਾਦਸ਼ਾਹ ਔਰੰਗਜ਼ੇਬ ਦੀ ਕੈਦ ਵਿੱਚੋਂ ਨਿਕਲ ਕੇ ਭਜ ਗਿਆ। ਔਰੰਗਜ਼ੇਬ ਨੇ ਇਸ ਪਿੱਛੇ ਵੀ ਰਾਜਾ ਰਾਮ ਸਿੰਘ ਦਾ ਹੱਥ ਖ਼ਿਆਲ ਕੀਤਾ। ਇਨ੍ਹਾਂ ਦੋਹਾਂ ਗੱਲਾਂ ਕਾਰਣ ਰਾਜਾ ਰਾਮ ਸਿੰਘ ਔਰੰਗਜ਼ੇਬ ਦੀ ਨਜ਼ਰੋਂ ਡਿਗ ਪਿਆ ਅਤੇ ਉਸ ਨੇ ਰਾਜਾ ਰਾਮ ਸਿੰਘ ਨੂੰ ਸਜ਼ਾ ਵਜੋਂ ਆਸਾਮ ਦੀ ਔਖੀ ਮੁਹਿਮ ਉਪਰ ਭੇਜ ਦਿੱਤਾ। ਕੁਝ ਸਿੱਖ ਲੇਖਕਾਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਇਸ ਮੁਹਿਮ ਵਿਚ ਇਨ੍ਹਾਂ ਨਾਲ ਆਸਾਮ ਗਏ ਅਤੇ ਆਪਣੀ ਦੈਵੀ ਸ਼ਕਤੀ ਨਾਲ ਉਸ ਦੀ ਵਿਜੈ ਦਾ ਕਾਰਣ ਬਣੇ।

# ਰਿਸਾਲਾ ਦਰ ਅਹਿਵਾਲਿ ਨਾਨਕ ਸ਼ਾਹ ਦਰਵੇਸ਼

(ਬੁੱਧ ਸਿੰਘ ਅਰੋੜਾ)

[ਅਠਾਰਵੀਂ ਸਦੀ ਦਾ ਹਿੰਦੂ ਲੇਖਕ, ਬੁੱਧ ਸਿੰਘ ਅਰੋੜਾ, ਸ਼ਾਹ ਆਲਮ ਦੂਜੇ (੧੭੫੯—੧੮੦੬ ਈ.) ਦੇ ਦਰਬਾਰ ਵਿਚ ਨੌਕਰ ਸੀ। ਇਥੇ ਹੀ ਉਨ੍ਹਾਂ ਦਿਨਾਂ ਵਿਚ ਜੇਮਜ਼ ਬ੍ਰਾਊਨ, ਈਸਟ ਇੰਡੀਆ ਕੰਪਨੀ ਵਲੋਂ, ਰੈਜ਼ੀਡੈਂਟ ਦੀ ਹੈਸੀਅਤ ਵਿਚ ਆਇਆ ਹੋਇਆ ਸੀ। ਉਸ ਦੇ ਕਹਿਣ ਉਤੇ ਬੁੱਧ ਸਿੰਘ ਅਰੋੜਾ ਨੇ ਮਲੇਰਕੋਟਲੇ ਦੇ ਲਾਲਾ ਅਜਾਇਬ ਸਿੰਘ ਸੂਰੀ ਨਾਲ ਰਲ ਕੇ ਸਿੱਖਾਂ ਬਾਰੇ ਇਹ ਪੁਸਤਕ ੧੧੯੭ ਹਿਜਰੀ/੧੭੮੩ ਈ. ਵਿਚ ਜਾਂ ਇਕ ਸਾਲ ਮਗਰੋਂ ਲਿਖੀ। ਪਰੰਤੂ, ਜਿਵੇਂ ਕਿ ਉਹ ਆਪ ਇਸ ਰਿਸਾਲੇ ਦੇ ਅੰਤ ਤੇ ਲਿਖਦਾ ਹੈ, ਉਸ ਨੂੰ ਸਿੱਖਾਂ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਨ ਮਿਲ ਸਕੀ। ਇਸ ਕਾਰਣ ਉਸ ਦਾ ਇਹ ਰਿਸਾਲਾ ਸੁਣ ਸੁਣਾ ਕੇ ਲਿਖੇ ਗਪ ਗਪੌੜੇ ਬਣ ਕੇ ਰਹਿ ਗਿਆ ਹੈ। ਫਲਸਰੂਪ ਗੁਰੂ ਤੇਗ਼ ਬਹਾਦਰ ਸੰਬੰਧੀ ਲਿਖੇ ਉਸ ਦੇ ਹਾਲਾਤ ਵਿਚ ਗੁਰੂ ਗੋਬਿੰਦ ਸਿੰਘ ਦੀਆਂ ਬਹੁਤ ਸਾਰੀਆਂ ਗੱਲਾਂ ਬੜੇ ਵਿਕ੍ਰਿਤ ਰੂਪ ਵਿਚ ਰਲਗਡ ਹੋਈਆਂ ਹੋਈਆਂ ਹਨ। ਹੋਰ ਵੀ ਬਹੁਤ ਸਾਰੀਆਂ ਭੁੱਲਾਂ ਹਨ, ਜਿਨ੍ਹਾਂ ਸੰਬੰਧੀ ਸੰਕੇਤ ਅਸਾਂ ਹੇਠਾਂ ਫੁਟਨੋਟਾਂ ਵਿਚ ਥਾਂ ਪਰ ਥਾਂ ਕਰ ਦਿੱਤੇ ਹਨ। ਸਰੋਤ ਪੁਸਤਕ ਵਜੋਂ ਇਸ ਦੀ ਮਹੱਤਤਾ ਕੋਈ ਬਹੁਤ ਨਹੀਂ। ਇਸ ਚੀਜ਼ ਦਾ ਏਤਰਾਫ਼ ਇਸ ਨੂੰ ਲਿਖਵਾਉਣ ਵਾਲਾ ਜੇਮਜ਼ ਬ੍ਰਾਊਨ ਵੀ ਕਰਦਾ ਹੈ। ਫਿਰ ਵੀ, ਇਸ ਰਿਸਾਲੇ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਹੋ ਗਿਆ, ਕਿਉਂਜੋ ਇਹ ਲਿਖਵਾਈ ਹੀ ਈਸਟ ਇੰਡੀਆ ਕੰਪਨੀ ਦੇ ਅੰਗ੍ਰੇਜ਼ੀ ਹਾਕਿਮਾਂ ਦੀ ਮੰਗ ਨੂੰ ਪੂਰਾ ਕਰਨ ਲਈ ਸੀ।]

. . .ਅਤੇ ਗੁਰੂ ਅਰਜਨ ਪਾਸੋਂ ਗੁਰੂ ਰਾਮਰਾਏ ਨੇ ਲਾਭ ਪ੍ਰਾਪਤ ਕੀਤਾ ਤੇ ਰਾਮਰਾਏ ਪਾਸੋਂ ਗੁਰੂ ਹਰਰਾਏ ਨੇ ਗੱਦੀ ਪਾਈ।[1] ਹਰਰਾਏ ਤੋਂ ਵਾਰੀ ਹਰੀ ਸ੍ਰੀ ਕ੍ਰਿਸ਼ਨ[2] ਦੀ ਆਈ। ਹਰੀ ਸ੍ਰੀ ਕ੍ਰਿਸ਼ਨ ਦੇ ਜ਼ਮਾਨੇ ਤਕ [ਸਿੱਖਾਂ ਦਾ] ਪਹਿਰਾਵਾ ਤੇ ਰਹਿਣ ਸਹਿਣ ਦਾ ਢੰਗ ਫ਼ਕੀਰਾਂ ਵਾਲਾ ਹੀ ਸੀ ਜਿਹੜਾ ਕਿ ਹੁਣ ਵੀ ਬਾਬਾ ਨਾਨਕ ਸ਼ਾਹ ਦੇ ਪੋਤਿਆਂ ਪੜਪੋਤਿਆਂ ਦੇ ਰਹਿਣ ਸਹਿਣ ਦਾ ਢੰਗ ਹੈ। [ਉਨ੍ਹਾਂ ਨੂੰ] ਕਿਸੇ ਵੀ ਮਨੁੱਖ ਨਾਲ ਵੈਰ ਜਾਂ ਦੁਸ਼ਮਨੀ ਨਹੀਂ ਸੀ। ਬੈਰਾਗੀਆਂ ਤੇ ਰੌਸ਼ਨਾਈਆਂ ਦੇ ਫ਼ਿਰਕਿਆਂ ਵਾਂਗ ਇਹ ਵੀ ਫ਼ਕੀਰਾਂ ਦੇ ਫ਼ਿਰਕੇ ਵਿਚ [ਗਿਣੇ ਜਾਂਦੇ] ਸਨ।

1. ਇਸ ਲੇਖਕ ਦੀ ਸਿੱਖ ਇਤਿਹਾਸ ਦੀ ਜਾਣਕਾਰੀ ਬਹੁਤ ਅਲਪ ਹੈ। ਗੁਰੂ ਅਰਜਨ ਪਾਸੋਂ ਗੱਦੀ ਉਨ੍ਹਾਂ ਦੇ ਸਪੁੱਤਰ ਗੁਰੂ ਹਰਗੋਬਿੰਦ ਜੀ ਨੇ ਪ੍ਰਾਪਤ ਕੀਤੀ ਸੀ, ਰਾਮਰਾਏ ਨੇ ਨਹੀਂ। ਰਾਮਰਾਏ ਸਤਵੇਂ ਗੁਰੂ ਹਰਰਾਏ ਦੇ ਵੱਡੇ ਪੁੱਤਰ ਸਨ, ਪਰ ਇਨ੍ਹਾਂ ਨੂੰ ਗੁਰਦੇਵ ਨੇ ਗੱਦੀ ਤੋਂ ਵੰਚਿਤ ਕਰਕੇ ਗੁਰ-ਗੱਦੀ ਆਪਣੇ ਛੋਟੇ ਸੁਪੁੱਤਰ, ਸ੍ਰੀ ਹਰਕ੍ਰਿਸ਼ਨ ਜੀ, ਨੂੰ ਦਿੱਤੀ ਸੀ।
2. ਠੀਕ ਨਾਂ ਸ੍ਰੀ 'ਹਰਕ੍ਰਿਸ਼ਨ' ਜਾਂ ਫਿਰ ਹਰਕਿਸ਼ਨ ਹੈ।

ਸਨ ੧੦੯੩ ਹਿਜਰੀ ਵਿਚ, ਜਦੋਂ ਔਰੰਗਜ਼ੇਬ ਆਲਮਗੀਰ ਦਾ ਰਾਜ ਥਾ ਰਿਹਾ ਸੀ, ਹਰੀ ਸ੍ਰੀ ਕ੍ਰਿਸਨ ਦੇ ਘਰ ਪੁੱਤਰ ਜਨਮਿਆ । ਉਸ ਦਾ ਨਾਂ "ਤੇਗ਼ ਬਹਾਦਰ" ਰੱਖਿਆ ਗਿਆ ।[1] ਜਦੋਂ ਉਹ ਜਵਾਨ ਹੋਇਆ ਤਾਂ ਉਹ ਰੱਬ ਦੀ ਬੰਦਗੀ ਤੇ ਤਪ ਵਿਚ ਬੜਾ ਰੂੜ੍ਹ ਸਿੱਧ ਹੋਇਆ । ਉਸ ਦੇ ਨਾਮ-ਲੇਵਾ ਉਸ ਨੂੰ "ਸੱਚਾ ਪਾਤਸ਼ਾਹ" ਕਹਿੰਦੇ ਸਨ। ਜੋ ਕੁਝ ਉਸ ਦੇ ਨਾਮ-ਲੇਵਾ ਅਤੇ ਸਿੱਖ ਦੇਸ਼ ਦੇ ਅੱਡ ਅੱਡ ਹਿੱਸਿਆਂ ਵਿੱਚੋਂ ਮੰਨਤ ਅਤੇ ਸੁੱਖਣਾ ਵਜੋਂ ਭੇਜਦੇ ਜਾਂ ਲਿਆਉਂਦੇ ਸਨ, ਉਸ ਦਾ ਖਾਣਾ ਪਕਾ ਕੇ ਉਹ ਲੰਗਰ ਰੂਪ ਵਿਚ ਉਥੇ ਮੌਜੂਦ ਲੋਕਾਂ ਨੂੰ ਅਤੇ [ਆਏ ਮਹਿਮਾਨਾਂ ਨੂੰ] ਖੁਆ ਦੇਂਦੇ ਸਨ । ਇਸ ਕਾਰਣ ਉਨ੍ਹਾਂ ਕੋਲ ਆਮ ਲੋਕਾਂ ਦੀ ਚੰਗੀ ਭੀੜ ਹੋ ਗਈ ਸੀ ।

ਅਤੇ ਇਹ ਸਾਰੀਆਂ ਗੱਲਾਂ ਲਾਹੌਰ ਦੇ ਸੂਬੇਦਾਰ ਵੱਲੋਂ ਘਟਨਾਵਾਂ ਅਤੇ ਸਮਾਚਾਰਾਂ ਦੇ ਰੂਪ ਵਿਚ ਬਾਦਸ਼ਾਹ ਦੇ ਕੰਨਾਂ ਤਕ ਪਹੁੰਚੀਆਂ, ਜਿਸ ਦੀ ਹਕੂਮਤ ਉਸ ਵਕਤ ਦੱਖਣ ਦੇ ਸੂਬਿਆਂ ਦੇ ਪ੍ਰਬੰਧ ਵਿਚ ਲਗੀ ਹੋਈ ਸੀ। ਚੂੰਕਿ ਬਾਦਸ਼ਾਹ ਦੀ ਰੁਚੀ ਫ਼ਕੀਰਾਂ ਦੀਆਂ ਕਰਾਮਾਤਾਂ ਅਤੇ ਅੰਤਰਯਾਮਿਤਾ ਦੇਖਣ ਦੀ ਬਹੁਤ ਸੀ, ਇਸ ਲਈ ਉਸ ਨੇ [ਕੁਝ] ਸਿਪਾਹੀ ਤੇਗ਼ ਬਹਾਦਰ ਨੂੰ ਆਪਣੀ ਹਜ਼ੂਰੀ ਵਿਚ ਲਿਆਉਣ ਲਈ ਮੁਕੱਰਰ ਕੀਤੇ । ਉਕਤ ਫ਼ਕੀਰ (ਤੇਗ਼ ਬਹਾਦਰ) [ਬਾਦਸ਼ਾਹ ਦੇ] ਹੁਕਮ ਦੀ ਪੈਰਵੀ ਵਿਚ ਆਪਣੇ ਘਰ ਤੋਂ ਚਲ ਪਿਆ। ਦੁਨੀਆ ਦੀ ਪਨਾਹ (ਭਾਵ ਬਾਦਸ਼ਾਹ) ਨੇ ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਪਾਸੋਂ ਕਰਾਮਾਤ ਦੀ ਮੰਗ ਕੀਤੀ । ਤੇਗ਼ ਬਹਾਦਰ ਨੇ ਕਿਹਾ ਕਿ "ਅਸੀਂ ਫ਼ਕੀਰ ਲੋਕ ਫ਼ਕੀਰੀ ਧਾਰਣ ਕਰਕੇ ਅੱਲਾਹ ਦੀ ਯਾਦ ਵਿਚ ਰਹਿੰਦੇ ਹਾਂ; ਸਾਡੇ ਪਾਸ ਕੋਈ ਕਰਾਮਾਤ ਜਾਂ ਅੰਤਰਯਾਮਿਤਾ ਨਹੀਂ ਹੈ ।" ਬਾਦਸ਼ਾਹ ਨੇ ਫੇਰ ਕਿਹਾ, "ਤੁਹਾਨੂੰ ਲੋਕ 'ਸੱਚਾ ਪਾਤਸ਼ਾਹ' ਕਹਿੰਦੇ ਹਨ ਅਤੇ ਤੁਸਾਂ ਆਪਣਾ ਨਾਉਂ ਤੇਗ਼ ਬਹਾਦਰ ਰਖਾਇਆ ਹੋਇਆ ਹੈ । ਇਹ ਸਭ ਆਪੇ ਦਾ ਵਿਖਾਵਾ ਹੈ ।" ਤੇਗ਼ ਬਹਾਦਰ ਨੇ ਜਵਾਬ ਦਿੱਤਾ, "ਜੋ ਕੁਝ ਹੈ, ਰੱਬ ਵੱਲੋਂ ਹੈ । ਇਸ ਫ਼ਕੀਰ ਨੂੰ ਕਿਸੇ ਕਿਸਮ ਦੀ ਵਡਿਆਈ [ਦੀ ਚਾਹ] ਜਾਂ ਲੱਜਾ [ਦਾ ਭੈ] ਨਹੀਂ ।"

ਅੱਲਾਹ ਦੇ ਸਾਏ (ਭਾਵ ਬਾਦਸ਼ਾਹ) ਨੇ ਜਦੋਂ ਉਸ ਪਾਸੋਂ ਕਿਸੇ ਕਿਸਮ ਦੀ ਅੰਤਰਯਾਮਿਤਾ ਤੇ ਕਰਾਮਾਤ ਨ ਵੇਖੀ, ਤਾਂ ਉਸ ਦੇ ਕਤਲ ਕਰਨ ਦਾ ਹੁਕਮ ਸਾਦਿਰ ਕਰ ਦਿੱਤਾ । ਉਸ ਵਕਤ ਇਕ ਵਿਅਕਤੀ ਨੇ, ਜਿਸ ਨੂੰ ਮਰਦਾਨਾ[2] ਕਹਿੰਦੇ ਹਨ, ਤੇਗ਼ ਬਹਾਦਰ ਦੀ ਖ਼ਿਦਮਤ ਵਿਚ ਬੇਨਤੀ ਕੀਤੀ, "ਜੇ ਆਗਿਆ ਹੋਵੇ ਤਾਂ ਇਸੇ ਵੇਲੇ ਇਨ੍ਹਾਂ ਨੂੰ ਸਰਾਪ

---

1. ਲੇਖਕ ਦੀ ਇਤਿਹਾਸਕ ਵਾਕਫ਼ੀਅਤ ਦਾ ਇਥੇ ਦੀਵਾਲਾ ਨਿਕਲਿਆ ਲਗਦਾ ਹੈ । ਸ੍ਰੀ ਹਰਕ੍ਰਿਸ਼ਨ ਜੀ ਦੀ ਮ੍ਰਿਤੂ ਅੱਠ ਸਾਲ ਦੀ ਆਯੂ ਵਿਚ ਸੰਮਤ ੧੭੨੧ ਬਿ. ਮੁਤਾਬਕ ੧੬੬੪ ਈ. (੧੦੭੪ ਹਿਜਰੀ) ਨੂੰ ਹੋ ਗਈ ਸੀ । ਉਨ੍ਹਾਂ ਦੇ ਪੁੱਤਰ ਹੋਣ ਦਾ ਪ੍ਰਸ਼ਨ ਹੀ ਨਹੀਂ ਉਠਦਾ, ਗੁਰੂ ਤੇਗ਼ ਬਹਾਦਰ ਤਾਂ ਸ੍ਰੀ ਹਰਕ੍ਰਿਸ਼ਨ ਦੇ ਬਾਬਾ (ਦਾਦੇ ਦੇ ਭਰਾ) ਸਨ ।
2. ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸੰਗੀ ਸੀ, ਗੁਰੂ ਤੇਗ਼ ਬਹਾਦਰ ਦਾ ਨਹੀਂ । ਲੇਖਕ ਨੇ ਐਵੇਂ ਸੁਣ ਸੁਣਾ ਕੇ ਗੱਲਾਂ ਲਿਖੀਆਂ ਲਗਦੀਆਂ ਹਨ ।

ਹੈ ਕਿ ਅੱਲਾਹ ਦੇ ਹੁਕਮ ਨਾਲ ਹੇਠਲੀ ਉੱਤੇ ਕਰ ਦੇਵਾਂ।'' ਤੇਗ ਬਹਾਦਰ ਨੇ ਕਿਹਾ, ''ਆਪਣੇ ਪਿਤਾ ਜੀ ਦੀ ਸਿੱਖਿਆ ਅਨੁਸਾਰ, ਜਿਹੜੀ ਉਨ੍ਹਾਂ ਮੈਨੂੰ ਟੁਰਨ ਵੇਲੇ ਦਿੱਤੀ ਸੀ, ਮੈਨੂੰ ਆਪਣਾ ਸਿਰ (ਸੀਸ) ਦੇ ਦੇਣਾ ਚਾਹੀਦਾ ਹੈ ਪਰ ਸਿੱਰ (ਭੇਦ) ਨਹੀਂ ਦੇਣਾ ਚਾਹੀਦਾ।'' ਇਸ ਪਿੱਛੋਂ ਜਵਾਬ ਵਿਚ ਉਨ੍ਹਾਂ ਫਿਰ ਜ਼ਬਾਨ ਖੋਲੀ ਅਤੇ ਆਖਿਆ, ''ਹਾਲੀਂ ਵੇਲਾ ਨਹੀਂ ਆਇਆ।'' ਰੱਬ ਇਨ੍ਹਾਂ ਨੂੰ [ਆਪ] ਸਜ਼ਾ ਦੇਵੇਗਾ ਅਤੇ ਇਕ ਯੋਧਾ ਪੈਦਾ ਹੋਵੇਗਾ, ਜਿਹੜਾ ਇਨ੍ਹਾਂ ਕੋਲੋਂ ਬਦਲਾ ਲਵੇਗਾ।

ਇੰਜ ਸ਼ਹਿਰ ਦੀ ਦੱਖਣੀ ਬਾਹੀ ਵੱਲ, ਜਿਥੇ ਤੇਗ ਬਹਾਦਰ ਨੂੰ ਸ਼ਹੀਦ ਕੀਤਾ ਗਿਆ ਸੀ, ਇਕ ਵੱਡਾ ਸਾਰਾ ਮਕਾਨ ਬਣਾਇਆ ਗਿਆ, ਜਿਹੜਾ ਹਾਲੀ ਵੀ ਮੌਜੂਦ ਹੈ ਤੇ ਬਹੁਤ ਪ੍ਰਸਿਧ ਹੈ। ਲੋਕ ਉਸ ਥਾਂ ਦੀ ਪ੍ਰਸਤਿਸ਼ ਤੇ ਪੂਜਾ ਕਰਦੇ ਹਨ। ਇਸ ਪਿੱਛੋਂ ਉਸ (ਗੁਰੂ ਤੇਗ ਬਹਾਦਰ) ਦੀ ਪਤਨੀ ਨੇ ਜੋ ਗਰਭਵਤੀ ਸੀ, ਕੁਝ ਚਿਰ ਪਿੱਛੋਂ ਇਕ ਪੁੱਤਰ ਜਨਮਿਆ ਜਿਸ ਦਾ ਨਾਂ ਗੋਬਿੰਦ ਸਿੰਘ ਰੱਖਿਆ ਗਿਆ।[1]

[ਪੰਨੇ ੨—੪

1. ਗੁਰੂ ਤੇਗ ਬਹਾਦਰ ਜੀ ਦੇ ਘਰ ਸਾਹਿਬਜ਼ਾਦੇ ਗੋਬਿੰਦ ਦਾਸ/ਰਾਏ ਦਾ ਜਨਮ ਤਾਂ ਉਨ੍ਹਾਂ ਦੀ ਸ਼ਹਾਦਤ ਤੋਂ ਬਹੁਤ ਪਹਿਲਾਂ ਹੋ ਚੁਕਾ ਸੀ। ਸ਼ਹੀਦੀ ਸਮੇਂ ਸਾਹਿਬਜ਼ਾਦਾ ਗੋਬਿੰਦ ਦਾਸ/ਰਾਏ ਦੀ ਆਯੂ, ਇਕ ਸੂਚਨਾ ਅਨੁਸਾਰ, ਨੌਂ ਸਾਲ ਤੇ ਦੂਜੀ ਅਨੁਸਾਰ, ਚੌਦਾਂ ਸਾਲ ਸੀ। ਜਨਮ ਮਿਤੀ ਬਾਰੇ ਦੇਖੋ ਪਿੱਛੇ ਪੰਨਾ ੨੭, (ਭੂਮਿਕਾ)